# ਟੈਂਡਰ ਨੋਟਿਸ

| ਲੜੀ ਨੰ: | ਠੇਕੇ ਤੇ ਦਿੱਤੀ ਜਾਣ ਵਾਲੀ ਮੈੱਸ ਦਾ ਵੇਰਵਾ | |
|---|---|---|
| | **ਮੈੱਸ ਦਾ ਸਥਾਨ** | **ਮੈੱਸਾਂ ਦੀ ਗਿਣਤੀ** |
| 1. | ਬੇਬੇ ਨਾਨਕੀ ਹੋਸਟਲ, ਪੰਜਾਬੀ ਯੂਨੀਵਰਸਿਟੀ ਪਟਿਆਲਾ | 01 |
| 2. | ਡਾ.ਭੀਮ ਰਾਓ ਅੰਬੇਦਕਰ ਹੋਸਟਲ, ਪੰਜਾਬੀ ਯੂਨੀਵਰਸਿਟੀ ਪਟਿਆਲਾ | 01 |
| 3. | ਸੀ.ਸੀ.ਸਪੋਰਟਸ ਵਿੰਗ (ਲੜਕੀਆਂ ਦਾ ਹੋਸਟਲ), ਪੰਜਾਬੀ ਯੂਨੀਵਰਸਿਟੀ ਪਟਿਆਲਾ | 01 |

ਉਪਰੋਕਤ ਦਰਸਾਈ ਮੈੱਸ ਨੂੰ ਠੇਕੇ ਤੇ ਦੇਣ ਲਈ ਚਾਹਵਾਨ ਠੇਕੇਦਾਰਾਂ ਪਾਸੋਂ ਟੈਂਡਰਾਂ ਦੀ ਮੰਗ ਹੇਠਾਂ ਲਿਖੀਆਂ ਸ਼ਰਤਾਂ ਤੇ ਕੀਤੀ ਜਾਂਦੀ ਹੈ:-

ਸ਼ਰਤਾਂ:-

1. ਟੈਂਡਰ ਮਿਤੀ 24/7/24 ਨੂੰ ਸ਼ਾਮ 4:30 ਵਜੇ ਤੱਕ ਦਫ਼ਤਰ ਡੀਨ ਵਿਦਿਆਰਥੀ ਭਲਾਈ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕੇਵਲ ਰਜਿਸਟਰਡ ਡਾਕ ਰਾਹੀਂ ਪ੍ਰਾਪਤ ਹੋ ਜਾਣੇ ਚਾਹੀਦੇ ਹਨ। ਟੈਂਡਰ ਇਸ ਦਫ਼ਤਰ ਵਿਖੇ ਮਿਤੀ 24/7/24 ਨੂੰ 10 A.M ਵਜੇ ਖੋਲ੍ਹੇ ਜਾਣਗੇ।
2. ਟੈਂਡਰ ਅਪਲਾਈ ਕਰਨ ਵਾਲਾ ਵਿਅਕਤੀ ਪਿਛਲੇ ਦੋ ਸਾਲ ਕਿਸੇ ਨਾਮਵਰ ਸੰਸਥਾ ਦਾ ਮੈੱਸ ਕੰਟੀਨ ਚਲਾਉਣ ਦਾ ਤਜਰਬਾ ਰੱਖਦਾ ਹੋਵੇ। ਟੈਂਡਰ ਅਪਲਾਈ ਕਰਨ ਸਮੇਂ ਆਪਣੀ ਬੇਨਤੀ ਦੇ ਨਾਲ ਤਜਰਬੇ ਦਾ ਸਰਟੀਫਿਕੇਟ ਵੀ ਦੇਣਾ ਹੋਵੇਗਾ।
3. ਟੈਂਡਰ ਅਲਪਾਈ ਕਰਨ ਵਾਲੇ ਕੋਲ Food Safety and Standards Authority of India (FSSAI) ਵੱਲੋਂ ਜ਼ਾਰੀ ਕੀਤਾ ਗਿਆ ਲਾਇਸੈਂਸ ਹੋਣਾ ਚਾਹੀਦਾ ਹੈ।
4. ਟੈਂਡਰ ਪਾਸ ਹੋਣ ਦੀ ਸੂਰਤ ਵਿੱਚ ਵਿਅਕਤੀ ਨੇ 10,000/-ਰੁ: ਵਾਪਸੀਯੋਗ ਸਕਿਓਰਿਟੀ ਵਜੋਂ ਰਜਿਸਟਰਾਰ,ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਬੈਂਕ ਡਰਾਫਟ ਦੇਣਾ ਹੋਵੇਗਾ। ਜਿਹੜਾ ਠੇਕੇਦਾਰ ਇਕਰਾਰਨਾਮੇ ਨੂੰ ਸਮੇਂ ਤੋਂ ਪਹਿਲਾਂ ਹੀ ਛੱਡ ਜਾਵੇਗਾ, ਉਸਦੀ ਸਕਿਓਰਿਟੀ ਜ਼ਬਤ ਕਰ ਲਈ ਜਾਵੇਗੀ।
5. ਮੈਸ ਦਾ ਠੇਕਾ ਸੈਸ਼ਨ 2024-25 ਲਈ (30 ਜੂਨ 2025) ਤੱਕ ਹੀ ਹੋਵੇਗਾ।
6. ਜੇਕਰ ਮੈੱਸ ਦਾ ਕੋਈ ਵਾਦ-ਵਿਵਾਦ ਹੁੰਦਾ ਹੈ ਤਾਂ ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਡੀਨ,ਵਿਦਿਆਰਥੀ ਭਲਾਈ ਹੋਣਗੇ।ਕੋਰਟ ਕੇਸ ਦੀ ਸੂਰਤ ਵਿੱਚ ਉਸਦਾ ਅਧਿਕਾਰ ਖੇਤਰ(Jurisdiction) ਪਟਿਆਲਾ ਹੋਵੇਗਾ।
7. ਮੈੱਸ ਠੇਕੇਦਾਰ ਨੇ ਸੀਨੀਅਰ ਵਾਰਡਨ/ਵਾਰਡਨ ਵਲੋਂ ਦਿੱਤੀ ਕਰੋਕਰੀ, ਭਾਂਡੇ ਤੇ ਹੋਰ ਰਸੋਈ ਦਾ ਸਾਮਾਨ ਠੇਕਾ ਖ਼ਤਮ ਹੋਣ ਉਪਰੰਤ ਟੁੱਟ-ਭੱਜ ਅਤੇ ਘਾਟੇ ਪੂਰੇ ਕਰਕੇ ਸਬੰਧਤ ਹੋਸਟਲ ਵਾਰਡਨ ਨੂੰ ਜਮ੍ਹਾਂ ਕਰਾਉਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਸੀਨੀਅਰ ਵਾਰਡਨ/ਵਾਰਡਨ ਨੂੰ ਠੇਕੇਦਾਰ ਦੀ ਸਕਿਓਰਿਟੀ ਦੇ ਵਿਚੋਂ ਘਾਟਾ ਪੂਰਾ ਕਰਨ ਦਾ ਅਧਿਕਾਰ ਹੋਵੇਗਾ। ਜੇ ਇਸ ਸਕਿਓਰਟੀ ਨਾਲ ਘਾਟਾ ਪੂਰਾ ਨਹੀਂ ਹੁੰਦਾ ਤਾਂ ਬਾਕੀ ਦੀ ਰਾਸ਼ੀ ਮੈਸ ਠੇਕੇਦਾਰ ਯੂਨੀਵਰਸਿਟੀ ਪਾਸ ਜਮ੍ਹਾਂ ਕਰਵਾਏਗਾ।
8. ਮੈੱਸ ਠੇਕੇਦਾਰ ਮੈੱਸ/ਕੰਟੀਨ ਦੇ ਹਰ ਸਾਮਾਨ, ਫਰੀਜ਼ਰ, ਰਸੋਈ ਗੈਸ ਚੁੱਲੇ, ਪਰਦੇ, ਫਰਨੀਚਰ, ਗੀਜ਼ਰ, ਵਾਟਰ ਫਿਲਟਰ ਅਤੇ ਡੈਜ਼ਰਟ ਕੂਲਰ, ਮਾਈਕਰੋਵੇਵ ਓਵਨ, ਡੀਪ ਫਰੀਜ਼ਰ, ਛੱਤ ਦੇ ਪੱਖੇ ਟਿਊਬ ਲਾਈਟ ਆਦਿ ਦੀ ਸੰਭਾਲ ਲਈ ਜ਼ਿੰਮੇਵਾਰ ਹੋਵੇਗਾ। ਜੇ ਇਹ ਸਾਮਾਨ ਖਰਾਬ ਹੁੰਦਾ ਹੈ ਤਾਂ ਉਸਦੀ ਮੁਰੰਮਤ ਦਾ ਖਰਚਾ ਠੇਕੇਦਾਰ ਦੇਵੇਗਾ ਅਤੇ ਬਿਜਲੀ ਦਾ ਬਿਲ ਖੁਦ ਭਰੇਗਾ। ਠੇਕੇਦਾਰ ਰਸੋਈ ਗੈਸ ਦੀ ਵਰਤੋਂ ਵਿਚ ਵਿਸ਼ੇਸ਼ ਸਾਵਧਾਨੀ ਵਰਤੇਗਾ ਅਤੇ ਜੇਕਰ ਅਣਗਹਿਲੀ ਕਾਰਨ ਕੋਈ ਨੁਕਸਾਨ ਹੁੰਦਾ ਹੈ, ਤਾਂ ਉਹ ਯੂਨੀਵਰਸਿਟੀ ਨੂੰ ਹਰਜ਼ਾਨਾ ਦੇਣ ਦਾ ਜਿੰਮੇਵਾਰ ਹੋਵੇਗਾ।
9. ਮੈੱਸ ਠੇਕੇਦਾਰ ਕੇਵਲ ਅਜਿਹੇ ਹੋਸਟਲ ਵਸਨੀਕਾਂ ਨੂੰ ਨਾਸ਼ਤਾ, ਦੁਪਹਿਰ ਤੇ ਸ਼ਾਮ ਦਾ ਖਾਣਾ ਦੇਵੇਗਾ ਜਿਨ੍ਹਾਂ ਨੂੰ ਸੀਨੀਅਰ ਵਾਰਡਨ/ਵਾਰਡਨ ਵਲੋਂ ਹੋਸਟਲ ਵਿੱਚ ਕਮਰੇ ਅਲਾਟ ਕੀਤੇ ਹੋਣਗੇ। ਲੜਕੀਆਂ ਦੇ ਹੋਸਟਲ ਵਿੱਚ ਸ਼ਾਮ 4:00 ਵਜੇ ਤੋਂ ਰਾਤ 10:00 ਵਜੇ ਤੱਕ ਕੰਨਟੀਨ ਦੀ ਸਹੂਲਤ ਮੁਹੱਈਆ ਕਰਵਾਏਗਾ। ਇਸ ਸਾਰੇ ਇੰਤਜਾਮ ਵਿੱਚ ਕਿਸੇ ਵੀ ਗੰਭੀਰ ਊਣਤਾਈ ਦੀ ਸੂਰਤ ਵਿਚ ਮੈੱਸ ਠੇਕੇਦਾਰ ਨੂੰ 25000/- ਰੁਪਏ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ਅਤੇ ਠੇਕਾ ਵੀ ਰੱਦ ਕੀਤਾ ਜਾ ਸਕਦਾ ਹੈ।
10. ਮੈੱਸ ਠੇਕੇਦਾਰ ਸੀਨੀਅਰ ਵਾਰਡਨ/ਵਾਰਡਨ ਵਲੋਂ ਪ੍ਰਵਾਨਿਤ ਮੈੱਸ ਮੀਨੂੰ (ਪ੍ਰਵਾਨਿਤ ਮਾਤਰਾ ਸਮੇਤ)ਦੀ ਪੂਰੀ ਤਰ੍ਹਾਂ ਪਾਲਣਾ ਕਰੇਗਾ ਜੋ ਮੋਟੇ ਤੌਰ ਤੇ ਇਸ ਪ੍ਰਕਾਰ ਹੋਵੇਗਾ:-

    **ਦੁਪਹਿਰ ਦਾ ਖਾਣਾ** : ਦਹੀ 60 ਗ੍ਰਾਮ (ਸ਼ੁੱਧ ਦੁੱਧ ਤੋਂ ਤਿਆਰ ਕੀਤਾ ਹੋਇਆ) ਸਬਜ਼ੀਆਂ (ਰੁੱਤ ਅਨੁਸਾਰ) ਫੁਲਕੇ, ਚਾਵਲ (ਪਲਾਓ), ਚਟਨੀ, ਪਿਆਜ਼, ਮੂਲੀ ਵਗੈਰਾ (ਨਿੰਬੂ ਨਾਲ)।

    **ਰਾਤ ਦਾ ਖਾਣਾ** : ਦਾਲ, ਫੁਲਕਾ, ਸਲਾਦ (ਜਿਵੇਂ ਉਪਰ), ਪਨੀਰ 30 ਗ੍ਰਾਮ ਪ੍ਰਤੀ ਖਾਣਾ, ਮਟਰ, ਪਾਲਕ, ਹਰੀ ਸਬਜ਼ੀ ਅਤੇ ਮਿਲੀ-ਜੁਲੀ ਡਿਸ਼ ਕਸਟਰਡ ਅਤੇ ਖੀਰ ਨਾਲ ਵਾਰੋ ਵਾਰੀ (ਹਫ਼ਤੇ ਵਿੱਚ ਘੱਟੋ ਘੱਟ ਤਿੰਨ ਵਾਰ)।

    **ਹਰ ਰੋਜ਼ ਦਾ ਮੀਨੂ ਅੰਤਿਕਾ-1 ਵਿੱਚ ਦਰਸਾਇਆ ਗਿਆ ਹੈ।**
11. ਮੈੱਸ ਦਾ ਸਾਮਾਨ ਸੀਨੀਅਰ ਵਾਰਡਨ/ਵਾਰਡਨ ਵਲੋਂ ਕਿਸੇ ਸਮੇਂ ਵੀ ਪੜਤਾਲਿਆ ਜਾ ਸਕਦਾ ਹੈ। ਹੋਸਟਲ ਵੈਲਫੇਅਰ ਕਮੇਟੀ ਖਾਣੇ ਸਬੰਧੀ ਸੀਨੀਅਰ ਵਾਰਡਨ/ਵਾਰਡਨ ਨੂੰ ਸ਼ਿਕਾਇਤ ਕਰ ਸਕਦੀ ਹੈ।

ਚੱਲਦਾ..

8/07/2024

PTO

Scanned with CamScanner

12. ਸੀਨੀਅਰ ਵਾਰਡਨ /ਵਾਰਡਨ ਘਟੀਆਂ ਸਾਮਾਨ /ਖਾਣੇ (ਡਾਈਟ) ਨੂੰ ਰੱਦ ਕਰਨ ਤੋਂ ਬਿਨਾਂ ਮੈਸ ਠੇਕੇਦਾਰ ਨੂੰ ਜੁਰਮਾਨਾ ਵੀ ਕਰ ਸਕਦੀ ਹੈ ਅਤੇ ਉਸ ਖਾਸ ਡਾਈਟ ਦਾ ਮੁੱਲ ਵੀ ਘਟਾ ਸਕਦੀ ਹੈ।

13. ਮੈਸ ਠੇਕੇਦਾਰ ਰਸੋਈ, ਭਾਂਡੇ ਧੋਣ ਵਾਲੀ ਥਾਂ, ਵਾਸ਼-ਬੇਸਿਨ, ਖਾਣਾ ਪ੍ਰੋਸਣ ਵਾਲੀ ਥਾਂ, ਫਰਨੀਚਰ ਆਦਿ ਨੂੰ ਹਮੇਸ਼ਾਂ ਸੀਨੀਅਰ ਵਾਰਡਨ / ਵਾਰਡਨ ਦੀ ਤਸੱਲੀ ਅਨੁਸਾਰ ਸਾਫ਼ ਰੱਖੇਗਾ।ਜੇਕਰ ਉਹ ਫਿਰ ਵੀ ਸਫਾਈ ਨਹੀਂ ਰੱਖਦਾ ਤਾਂ ਉਸਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਉਸ ਨਾਲ ਕੀਤਾ ਇਕਰਾਰਨਾਮਾ ਵੀ ਰੱਦ ਕੀਤਾ ਜਾ ਸਕਦਾ ਹੈ।

**14. ਮੈੱਸ ਠੇਕੇਦਾਰ ਲੜਕੀਆਂ ਦੇ ਹੋਸਟਲ ਵਿੱਚ ਵੱਧ ਤੋਂ ਵੱਧ 32/-ਰੁਪਏ (ਬੱਤੀ ਰੁਪਏ) ਪ੍ਰਤੀ ਡਾਈਟ ਅਤੇ ਟੁੱਟ-ਭੱਜ (ਕੱਚ ਦੇ ਗਿਲਾਸ, ਕੱਪ ਤੇ ਕਰਾਕਰੀ ਆਦਿ) ਵਜੋਂ 10/- ਰੁਪਏ ਪ੍ਰਤੀ ਮਹੀਨਾ ਹਰ ਮੈੱਸ ਵਿਚ ਖਾਣਾ ਖਾਣ ਵਾਲੇ ਤੋਂ ਲੈਣ ਦਾ ਹੱਕਦਾਰ ਹੋਵੇਗਾ।**

**15. ਜਿਨ੍ਹਾਂ ਵਿਦਿਆਰਥਣਾਂ ਨੂੰ ਹੋਸਟਲ ਵਿਚ ਕਮਰੇ ਅਲਾਟ ਨਹੀਂ ਕੀਤੇ ਗਏ, ਉਨ੍ਹਾਂ ਨੂੰ ਸੀਨੀਅਰ ਵਾਰਡਨ/ਵਾਰਡਨ ਦੀ ਵਿਸ਼ੇਸ਼ ਆਗਿਆ ਨਾਲ ਹੀ ਮੈਸ ਠੇਕੇਦਾਰ ਵਲੋਂ ਖਾਣਾ ਦਿੱਤਾ ਜਾਵੇਗਾ। ਅਜਿਹੀਆਂ ਵਿਦਿਆਰਥਣਾਂ 35/-(ਪੈਂਤੀ ਰੁਪਏ) ਪ੍ਰਤੀ ਡਾਇਟ ਦੀ ਦਰ ਨਾਲ ਅਦਾਇਗੀ ਕਰਨਗੀਆਂ।**

16. ਠੇਕੇਦਾਰਾਂ ਵੱਲੋਂ ਮੈਸਾਂ ਲਈ ਖਰੀਦੇ ਜਾਣ ਵਾਲੇ ਸਾਮਾਨ ਦੇ ਬਿਲਾਂ ਦਾ ਲੇਖਾ-ਜੋਖਾ ਤੇ ਅਦਾਇਗੀ ਸਬੰਧੀ ਸਾਰੀ ਕਾਰਵਾਈ ਆਪਣੇ ਪੱਧਰ ਤੇ ਕੀਤੀ ਜਾਵੇਗੀ। ਇਸ ਨਾਲ ਸਬੰਧਤ ਹੋਸਟਲ ਦੇ ਦਫ਼ਤਰ ਦਾ ਕੋਈ ਵੀ ਸਬੰਧ ਨਹੀਂ ਹੋਵੇਗਾ। ਸਬੰਧਤ ਫਰਮਾਂ ਨੂੰ ਬਿਲਾਂ ਦੀ ਅਦਾਇਗੀ ਸਬੰਧੀ ਲੈਣ-ਦੇਣ ਦੀ ਸਾਰੀ ਜ਼ਿੰਮੇਵਾਰੀ ਠੇਕੇਦਾਰ ਦੀ ਆਪਣੀ ਹੋਵੇਗੀ।

17. ਮੈਸ ਦੇ ਖੁੱਲ੍ਹਣ /ਬੰਦ ਹੋਣ ਦਾ ਸਮਾਂ ਸੀਨੀਅਰ ਵਾਰਡਨ /ਵਾਰਡਨ ਵਲੋਂ ਹੀ ਨਿਸ਼ਚਿਤ ਕੀਤਾ ਜਾਵੇਗਾ।

18. ਮੈਸ ਠੇਕੇਦਾਰ ਦਾ ਕੰਮਕਾਜ /ਵਿਹਾਰ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਸੀਨੀਅਰ ਵਾਰਡਨ /ਵਾਰਡਨ ਨੂੰ ਕਿਸੇ ਸਮੇਂ ਵੀ ਇਹ ਇਕਰਾਰਨਾਮਾ ਰੱਦ ਕਰਨ ਦਾ ਅਧਿਕਾਰ ਹੋਵੇਗਾ।

19. ਮੈਸ ਠੇਕੇਦਾਰ ਹੋਸਟਲ ਵਸਨੀਕਾਂ ਨੂੰ ਖਾਣਾ /ਚਾਹ ਆਦਿ ਦੇਣ ਲਈ ਘੱਟੋ-ਘੱਟ 12 ਮੈਸ ਸੇਵਾਦਾਰ ਭਰਤੀ ਕਰੇਗਾ। ਮੈਸ ਸੇਵਾਦਾਰਾਂ ਦੇ ਚਾਲ ਚਲਣ ਬਾਰੇ ਮੈਸ ਠੇਕੇਦਾਰ ਆਪ ਜ਼ਿੰਮੇਵਾਰ ਹੋਵੇਗਾ।

20. ਮੈਸ ਠੇਕੇਦਾਰ ਸਾਰੇ ਮੈਸ ਸੇਵਾਦਾਰਾਂ ਦੀਆਂ ਫੋਟੋਆਂ, ਉਹਨਾਂ ਦੇ ਪੂਰੇ ਪਤੇ ਹੋਸਟਲ ਦੇ ਦਫ਼ਤਰ ਨੂੰ ਪੁਲਿਸ ਜਾਂਚ ਲਈ ਦੇਵੇਗਾ।

21. ਭਰਤੀ ਸਮੇਂ ਮੈਸ ਸੇਵਾਦਾਰਾਂ ਦੀ ਡਾਕਟਰੀ ਜਾਂਚ ਕਰਵਾਈ ਜਾਵੇਗੀ। ਠੇਕੇ ਦੇ ਸਾਲ ਦੌਰਾਨ ਕਿਸੇ ਸੇਵਾਦਾਰ ਦੇ ਛੱਡ ਜਾਣ ਤੇ ਨਵੇਂ ਮੈਸ ਸੇਵਾਦਾਰ ਦੀ ਭਰਤੀ ਵੀ ਇਹਨਾਂ ਸ਼ਰਤਾਂ ਤੇ ਹੀ ਹੋਵੇਗੀ।

22. ਹਰ ਮਹੀਨੇ ਕਰਾਕਰੀ, ਭਾਂਡਿਆਂ, ਰਸੋਈ ਦੇ ਸਮਾਨ ਅਤੇ ਮੈਸ ਸੇਵਾਦਾਰਾਂ ਆਦਿ ਦੀ ਜਾਂਚ ਸੀਨੀਅਰ ਵਾਰਡਨ /ਵਾਰਡਨ ਵਲੋਂ ਕੀਤੀ ਜਾ ਸਕਦੀ ਹੈ।

23. ਭਾਂਡਿਆਂ /ਕਰਾਕਰੀ ਦੇ ਟੁੱਟ-ਭੱਜ ਦੀ ਬਦਲ /ਖਰੀਦ ਵਿਦਿਆਰਥੀਆਂ ਤੋਂ ਵਸੂਲੀ ਗਈ ਰਕਮ ਵਿਚੋਂ ਢੁਕਵੀਂ ਰਾਸ਼ੀ ਸੀਨੀਅਰ ਵਾਰਡਨ /ਵਾਰਡਨ ਦੀ ਸਹਿਮਤੀ ਨਾਲ ਵਰਤੀ ਜਾਵੇਗੀ।

24. ਮੈਸ ਠੇਕੇਦਾਰ ਭਾਂਡਿਆਂ ਨੂੰ ਹਰ ਤੀਜੇ ਮਹੀਨੇ ਕਲੀ ਕਰਵਾਏਗਾ (ਜਿੱਥੇ ਲਾਗੂ ਹੋਵੇ)।

25. ਮੈਸ ਠੇਕੇਦਾਰ ਅਜਿਹੇ ਹੋਸਟਲ ਵਸਨੀਕਾਂ ਦੀ ਮੈਸ ਤੇ ਕੰਟੀਨ ਸੇਵਾਵਾਂ ਤੁਰੰਤ ਬੰਦ ਕਰੇਗਾ, ਜਿਨ੍ਹਾਂ ਦਾ ਬਿਲ 2000/- ਰੁਪਏ (ਦੋ ਹਜ਼ਾਰ ਰੁਪਏ) ਤੱਕ ਹੋ ਜਾਵੇ ਅਤੇ ਇਸ ਦੀ ਲਿਖਤੀ ਸੂਚਨਾ ਸੀਨੀਅਰ ਵਾਰਡਨ /ਵਾਰਡਨ ਨੂੰ ਦੇਣ ਲਈ ਪਾਬੰਦ ਹੋਵੇਗਾ।

26. ਮੈਸ ਠੇਕੇਦਾਰ ਹਰ ਤਿੰਨ ਦਿਨਾਂ ਉਪਰੰਤ ਡਾਈਟਾਂ ਦਾ ਲੇਖਾ ਸੂਚਨਾ ਬੋਰਡ ਤੇ ਲਾਵੇਗਾ।

27. ਮੈਸ ਠੇਕੇਦਾਰ ਅਤੇ ਉਸ ਦੇ ਕਰਮਚਾਰੀਆਂ ਉਪਰ ਹੋਸਟਲ ਅੰਦਰ ਕਿਸੇ ਕਿਸਮ ਦਾ ਨਸ਼ਾ ਜਿਵੇਂ ਸ਼ਰਾਬ, ਤੰਬਾਕੂ, ਡਰੱਗ ਆਦਿ ਦੀ ਵਰਤੋਂ ਕਰਨ ਅਤੇ ਰੱਖਣ ਦੀ ਸਖ਼ਤ ਮਨਾਹੀ ਹੋਵੇਗੀ।

28. ਮੈਸ ਠੇਕੇਦਾਰ ਅਤੇ ਕਰਮਚਾਰੀਆਂ ਦੇ ਮਹਿਮਾਨਾਂ ਨੂੰ ਹੋਸਟਲ ਅੰਦਰ ਆਉਣ ਦੀ ਆਗਿਆ ਨਹੀਂ ਹੋਵੇਗੀ।

29. ਮੈਸ ਦੇ ਕੰਮ-ਕਾਜ ਅਤੇ ਪ੍ਰਬੰਧ ਬਾਰੇ ਹੋਸਟਲ ਅਧਿਕਾਰੀਆਂ ਵਲੋਂ ਸਮੇਂ-ਸਮੇਂ ਬਣਾਏ ਜਾਣ ਵਾਲੇ ਨਿਯਮਾਂ ਦੀ ਠੇਕੇਦਾਰ ਪਾਲਣਾ ਕਰੇਗਾ।

30. ਉਪਰੋਕਤ ਸ਼ਰਤਾਂ ਦੀ ਵਿਆਖਿਆ ਬਾਰੇ ਸ਼ੰਕਾ ਹੋਣ ਦੀ ਸੂਰਤ ਵਿਚ ਡੀਨ,ਵਿਦਿਆਰਥੀ ਭਲਾਈ ਦਾ ਨਿਰਣਾ ਅੰਤਿਮ ਹੋਵੇਗਾ।

31. ਠੇਕੇਦਾਰ ਮੈਸ ਕਰਮਚਾਰੀਆਂ ਦੀ ਰਿਹਾਇਸ਼ ਦਾ ਪ੍ਰਬੰਧ ਆਪਣੇ ਪੱਧਰ ਤੇ ਕਰਨਗੇ।

ਵਿਸ਼ੇਸ਼ ਧਿਆਨ ਯੋਗ:- ਬਜ਼ਾਰ ਵਿਚ ਉਪਲਬਧ ਵਧੀਆ ਕਿਸਮ ਦੀ ਦਾਲ, ਬਨਸਪਤੀ ਘੀ, ਦੁੱਧ, ਆਟਾ, ਚਾਵਲ, ਮਸਾਲੇ, ਚਾਹਪੱਤੀ ਅਤੇ ਤਾਜ਼ੀਆਂ ਸਬਜ਼ੀਆਂ/ਫਲ ਹੀ ਮੈਸ ਵਿੱਚ ਵਰਤੇ ਜਾਣ। ਇਸ ਸਬੰਧੀ ਖਾਸ ਧਿਆਨ ਰੱਖਿਆ ਜਾਵੇ।

ਡੀਨ,ਵਿਦਿਆਰਥੀ ਭਲਾਈ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

J. S. Chahal
8/07/2024

Scanned with CamScanner

Tender Notice

| Details of the Mess to be given on contract | | |
|---|---|---|
| Sr.No. | Place of the Mess | No. of Messes |
| 1. | Bebe Nanki Hostel, Punjabi University, Patiala | 01 |
| 2. | Dr. Bhim Rao Ambedkar Hostel , Punjabi University, Patiala | 01 |
| 3. | CC & Sports Wing (Girls Hostel), Punjabi University, Patiala | 01 |

Tenders are invited from interested contractors for the above said mess with following conditions:-

1. All the tenders should be sent through registered post to the office of Dean, Students Welfare, Punjabi University, Patiala on or before 22/7/24 @ 4.30 PM. Tender will be opened at above said office on 23/7/24 @ 10:-- a.m.
2. The applicant must have an experience of at least two years of running a mess/canteen in a reputed institution and the experience certificate must be submitted along with the application.
3. The applicant must hold a license from Food Safety and Standards Authority of India (FSSAI).
4. If the tender is approved, the approved party must deposit a bank draft of Rs 10,000/- (as a refundable security) in favour of Registrar, Punjabi University, Patiala. If a contractor leaves the contract before time, his/her security will be confiscated.
5. The Mess Contract will be only for the session 2024-25 (upto 30 June 2025).
6. If there is any dispute regarding the allocation of a hostel mess, the conciliating authority will be Dean Students Welfare, Punjabi University, Patiala. In case of a court case, the jurisdiction will be Patiala only.
7. At the end of the contract, the contractor will have to return all the cooking utensils, crockery or other materials provided by the warden/senior warden of the hostel. In case of any depreciation, breakage etc., due amount will be paid by the contractor at the end of the contract, failing which, his/her security will not be refunded. If the security amount is less than the total loss, then the contractor is legally liable to pay the difference to the hostel account of the university.
8. The contractor will be responsible for the maintenance/repairs of all the furniture, freezers, cooking stoves, curtains, geysers (used in the mess), water filter, dessert cooler, microwave oven, deep freezer, ceiling fans, tube lights etc. In case of any loss of these items, then, it will be compensated by the contractor. He will himself/herself pay all the electricity bills of the mess/canteen. The contractor must use the LPG carefully. If there is any loss/accident due to the carelessness in using the LPG, then the contractor will be held responsible for that loss and will compensate it accordingly.
9. The mess contractor will supply breakfast, lunch and dinner to only those residents who have been formally allotted a room by the warden/senior warden. In the girls' hostels, the contractor will provide canteen services between 4:00pm and 10:00pm. In case of any violation of rules, the contractor will be fined Rs 25000/- and even the contract can be cancelled under grievous circumstances.
10. The contractor has to follow the menu approved (with approved quantities) by the warden/senior warden of the hostel. This will be tentatively as follows:

a. Lunch: curd 60 gram (prepared from pure milk), seasonal vegetable, chapattis, rice (pulao), and onion, radish etc

b. Dinner: Pulses, chapattis, salad(as above), paneer (30gm per meal),peas, spinach, green vegetables etc sweet dish(casted, kheer etc) atleast thrice a week.

**For daily Menu See Appendix-1**

Continue

I.S. Chahal
8/07/2024

P.T.O.

Scanned with CamScanner

11. The mess items can be inspected by the senior warden/warden at any time. Moreover the hostel welfare committee can complain to the senior warden/warden regarding the food quality.
12. The senior warden/warden can also fine the mess contractor and reduce the price of a particular diet in case of poor quality of any item.
13. The mess contractor should always maintain the hygiene of the kitchen, utensils, wash basin, food serving area, dinning area, furniture etc. to the satisfaction of the senior warden/warden. If he does not do so then his contract may be cancelled
14. **The contractor of the girls hostel will be able to charge max. Rs.32/- per diet and Rs.10/-(Per month) for the breakage of crockery etc. from each resident.**
15. **Those students who are not alloted a room in the hostel may be given the permission to have a meal in the mess only on the recommendation of senior warden/warden. Such persons will pay Rs.35/- per diet.**
16. All the contractors will maintain their own accounts of the material purchased for the mess. The office of the concerned hostel will have no role in it. All the related firms or other parties with whom any transaction is made by the contractor, will be the responsibility of the contractor only.
17. The time of opening and closing the mess will be fixed by senior warden/warden.
18. If the working/behaviour of the contractor is not satisfactory the senior warden/warden may cancel the contract at any time.
19. The mess contractor will recruit atleast 12 mess workers for serving tea, meal etc, to hostel residents. The mess contractor himself will be responsible for the conduct of the mess workers.
20. The mess contractor will provide photographs of all mess workers along with their full residential address to the hostel office for police verification.
21. At the time of recruitment of the mess workers their medical examination will be conducted. These conditons will also be applicable to the newly recruited mess worker who will replace the old one.
22. Every month the crockery,utensils,kitchen items and mess workers will be checked by the senior warden/warden
23. The senior warden/warden will decide the amount to be paid on purchase of new utensils by replacing the old one out of the fund collected from the hostel residents.
24. The mess contractor will have to ensure that all mess utensils should get coated or galvanzied after every three months.(where it is applicable)
25. The mess contractor can refuse to provide mess and canteen services to those residents whose bill exceeds Rs.2000/-. He will be liable to provide written information to the senior warden/warden.
26. The mess contractor will put the account details of the diets of all the residents on notice board after every three days.
27. The mess contractor and his employee/workers are prohibited from consuming and keeping any kind of intoxicants such as alchol, tobacoo, drugs etc. inside the hostel premises.
28. The Guests of the mess contractor and workers are not allowed inside the hostel.
29. The mess contractor shall follow the rules made from time to time by the hostel authorities regarding day to day work and hostel management of the mess contractor.
30. In case of any doubts regarding these conditions the decision of Dean Students welfare will be final.
31. The mess contractor will be responsible to arrange the residence of the workers.

Note:- The Contractor must use good quality pulses, vegetable oil, milk, flour, rice, spices, tea leaves, fresh vegetables/fruits.

J.S. Chahal
8/07/2024

Dean Students Welfare,
Punjabi University, Patiala

Scanned with CamScanner

11c

## ਅੰਤਿਕਾ-1

| ਦਿਨ | ਲੰਚ | ਡਿਨਰ* |
|---|---|---|
| ਸੋਮਵਾਰ | ਮਿਕਸ ਸਬਜੀ/ਮਿਕਸ ਦਾਲ<br>ਚਾਵਲ<br>ਰਾਇਤਾ | ਹਰੀ ਸਬਜੀ (ਮੌਸਮ ਅਨੁਸਾਰ)<br>ਦਾਲ<br>ਖੀਰ |
| ਮੰਗਲਵਾਰ | ਰਾਜਮਾਂਹ ਚਾਵਲ | ਹਰੀ ਸਬਜੀ (ਮੌਸਮ ਅਨੁਸਾਰ)<br>ਦਾਲ |
| ਬੁੱਧਵਾਰ | ਚਿੱਟੇ ਚਨੇ | ਚਿੱਲੀ ਪਨੀਰ/ਸ਼ਾਹੀ ਪਨੀਰ/ਅੰਡਾ ਕਰੀ<br>ਸੇਵੀਆਂ |
| ਵੀਰਵਾਰ | ਕੜ੍ਹੀ ਚਾਵਲ | ਹਰੀ ਸਬਜੀ (ਮੌਸਮ ਅਨੁਸਾਰ)<br>ਦਾਲ |
| ਸ਼ੁੱਕਰਵਾਰ | ਕਾਲੇ ਚਨੇ | ਚਨਾਂ ਮਸਾਲਾ ਜਾਂ ਛੋਲਿਆਂ ਦੀ ਦਾਲ ਅਤੇ ਕੋਈ ਮੌਸਮੀ ਹਰੀ ਸਬਜੀ<br>ਕਸਟਰਡ |
| ਸ਼ਨੀਵਾਰ | ਰਾਜਮਾਂਹ ਚਾਵਲ | ਹਰੀ ਸਬਜੀ (ਮੌਸਮ ਅਨੁਸਾਰ)<br>ਦਾਲ |
| ਐਤਵਾਰ | ਛੋਲੇ ਭਟੂਰੇ/ਪੂੜੀਆਂ | ਹਰੀ ਸਬਜੀ (ਮੌਸਮ ਅਨੁਸਾਰ)<br>ਦਾਲ<br>ਖੀਰ ਜਾਂ ਸੇਵੀਆਂ |

*ਹਫ਼ਤੇ ਦੇ ਕਿਸੇ ਵੀ ਦਿਨ ਦਿੱਤੀ ਜਾਣ ਵਾਲੀ ਇੱਕ ਹੀ ਦਾਲ ਅਤੇ ਹਰੀ ਸਬਜ਼ੀ ਦੁਹਰਾਈ ਨਾ ਜਾਵੇ।

## Appendix-1

| Day | Lunch | Dinner |
|---|---|---|
| Monday | Mix Vegetable/Mix Pulses (Mix Dal)<br>Rice<br>Raita | Green Vegetable (Seasonal)<br>Dal<br>Rice pudding |
| Tuesday | Kidney Beans and Rice | Green Vegetable (Seasonal)<br>Dal |
| Wednesday | Check Peas | Chilli Cheese/ Shahi Cheese/Egg curry/Vermicelli |
| Thursday | Karri Rice | Green Vegetable (Seasonal)<br>Dal |
| Friday | Black Check peas | Chana Masala or Chhollyan di dal and any seasonal Green Vegetable<br>Casturd |
| Saturday | Kidney Beans and Rice | Green Vegetable (Seasonal)<br>Dal |
| Sunday | Chhole Bhature/Purian | Green Vegetable (Seasonal)<br>Dal<br>Rice pudding or Vermicelli |

*Never repeat the same Dal/Green Vegetable in a week.

08-07-22

J. S. Chahal 8/07/2021

Scanned with CamScanner